**ਦਫਤਰ ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਸ਼ਹੀਦ ਭਗਤ ਸਿੰਘ ਨਗਰ**

ਫੋਨ ਨੰ: 01823-222377, ਈ.ਮੇਲ.: ssasbsn@gmail.com

ਵੱਲ

ਚੇਅਰਮੈਨ,
ਕੈਂਬਰਿਜ਼ ਇੰਟਰਨੈਸ਼ਨਲ ਸਕੂਲ , ਕਰੀਹਾ ।
ਸ਼ਹੀਦ ਭਗਤ ਸਿੰਘ ਨਗਰ ।
ਪੱਤਰ ਨੰ. ਸਸਅ/ਆਰ ਟੀ ਈ/2016/ 899
ਮਿਤੀ :ਸ਼ਹੀਦ ਭਗਤ ਸਿੰਘ ਨਗਰ:- 26-05-2016

ਵਿਸ਼ਾ : ਆਰ ਟੀ ਈ ਐਕਟ 2009 ਅਧੀਨ ਪੱਕੀ ਮਾਨਤਾ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਨੂੰ ਆਰ ਟੀ ਈ ਐਕਟ 2009 ਹੇਠ ਲਿਖੀਆਂ ਸ਼ਰਤਾ ਦੇ ਆਧਾਰ ਤੇ ਪੱਕੀ ਮਾਨਤਾ ਜਾਰੀ ਕੀਤੀ ਜਾਂਦੀ ਹੈ ਅਤੇ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਪ ਵਲੋਂ ਇਸ ਦਫ਼ਤਰ ਵਲੋਂ ਅਤੇ ਜਾਂ ਵਿਭਾਗ ਦੇ ਉੱਚ ਅਧਿਕਾਰੀਆਂ ਵਲੋਂ ਸਮੇਂ ਸਮੇਂ ਕੀਤੀ ਜਾਂਦੀ ਚੈਕਿੰਗ ਦੌਰਾਨ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਇਹ ਜਾਰੀ ਕੀਤੀ ਮਾਨਤਾ ਬਿਨ੍ਹਾ ਆਪ ਨੂੰ ਸੂਚਿਤ ਕੀਤੇ ਰੱਦ ਕਰ ਦਿੱਤੀ ਜਾਵੇਗੀ :-

1. ਅਠਵੀਂ ਜਮਾਤ ਤੋਂ ਅੱਗੇ ਇਹ ਮਾਨਤਾ ਲਾਗੂ ਨਹੀਂ ਹੋਵੇਗੀ।

2. ਸਕੂਲ,ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ,ਕਾਨੂੰਨ 2009,ਅਨੈਕਸਚਰ(1),ਅਤੇ ਅਨੈਕਸਚਰ(2) ਦੀਆਂ ਧਾਰਾਵਾਂ ਦੀਆਂ ਪਾਲਨਾ ਕਰੇਗਾ।

3. ਜਮਾਤਾਂ ਦੇ ਕੁੱਲ ਵਿਦਿਆਰਥੀਆਂ ਦੀ **25 %** ਅਨੁਸਾਰ ਸਕੂਲ ਆਪਣੇ ਆਲੇ-ਦੁਆਲੇ ਵਿੱਚੋਂ ਕਮਜ਼ੋਰ ਅਤੇ ਪਛੜੇ ਹੋਏ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਵਿੱਚ ਦਾਖਲ ਕਰੇਗਾ ਅਤੇ ਉਹਨਾਂ ਦੀ ਮੁਢਲੀ ਸਿੱਖਿਆ ਦੀ ਪੂਰਨਤਾ ਤੱਕ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਦੇਵੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨਿਯਮਾਂ ਦਾ ਪਾਲਣ ਪ੍ਰੀ ਪ੍ਰਾਇਮਰੀ ਜਮਾਤਾਂ ਵਿੱਚ ਵੀ ਕਰੇਗਾ।

4. ਪੈਰਾ 3 ਵਿੱਚ ਦਰਸਾਏ ਬੱਚਿਆਂ ਸਬੰਧੀ,ਕਾਨੂੰਨ ਦੇ ਸੈਕਸ਼ਨ 12(2) ਅਨੁਸਾਰ ਸਕੂਲ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ ਅਤੇ ਇਸ ਪ੍ਰਤੀ ਪੂਰਤੀ ਨੂੰ ਪ੍ਰਾਪਤ ਕਰਨ ਲਈ ਸਕੂਲ ਨੂੰ ਇੱਕ ਵੱਖਰਾ ਬੈਂਕ ਖਾਤਾ ਦੇਣਾ ਪਵੇਗਾ।

5. ਸਕੂਲ ਜਾਂ ਸੰਸਥਾ ਕਿਸੇ ਕਿਸਮ ਦੀ ਕੈਪੀਟੇਸ਼ਨ ਫੀਸ ਇੱਕਠੀ ਨਹੀਂ ਕਰੇਗਾ ਅਤੇ ਬੱਚੇ ਜਾਂ ਉਸਦੇ ਮਾਤਾ-ਪਿਤਾ/ਗਾਰਡੀਅਨ ਦੀ ਇੰਟਰਵੀਊ ਨਹੀਂ ਲਵੇਗਾ।

6. ਸਕੂਲ ਵੱਲੋਂ ਹੇਠ ਲਿਖੇ ਵਿੱਚੋਂ ਦਾਖਲੇ ਲਈ ਮਨਾ ਨਹੀਂ ਕੀਤਾ ਜਾਵੇਗਾ:-

   - ਜਨਮ ਤਰੀਖ ਦਾ ਸਬੂਤ ਨਾ ਹੋਣ ਦੀ ਸੂਰਤ ਵਿੱਚ;
   - ਦਾਖਲਾ ਮਿੱਤੀ ਤੋਂ ਬਾਅਦ ਵਧਾਏ ਸਮੇਂ ਵਿੱਚ;
   - ਧਰਮ,ਜਾਤ-ਪਾਤ,ਜਨਮ ਸਥਾਨ ਦੇ ਅਧਾਰ ਤੇ।

7. ਸਕੂਲ ਯਕੀਨੀ ਬਣਾਵੇ:

   (i) ਮੁਢਲੀ ਵਿਦਿਆ ਦੀ ਸੰਪੂਰਨਤਾ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਸਕੂਲ ਵਿੱਚ ਉਸ ਦਾ ਨਾਮ ਕਟਿਆ ਜਾਵੇਗਾ।

   (ii) ਕਿਸੇ ਵੀ ਬੱਚੇ ਨੂੰ ਸ਼ਰੀਰਿਕ ਸਜ਼ਾ ਜਾਂ ਮਾਨਸਿਕ ਪਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

   (iii) ਮੁਢਲੀ ਵਿਦਿਆ ਦੀ ਪੂਰਨਤਾ ਤੱਕ ਕਿਸੇ ਵੀ ਬੱਚੇ ਨੂੰ ਬੋਰਡ ਦੇ ਇਮਤਿਹਾਨ ...

6. ਸਕੂਲ ਵੱਲੋਂ ਹੇਠ ਲਿਖੇ ਵਿੱਚੋਂ ਦਾਖਲੇ ਲਈ ਮਨਾ ਨਹੀਂ ਕੀਤਾ ਜਾਵੇਗਾ:-

- ਜਨਮ ਤਰੀਖ ਦਾ ਸਬੂਤ ਨਾ ਹੋਣ ਦੀ ਸੂਰਤ ਵਿੱਚ;
- ਦਾਖਲਾ ਮਿੱਤੀ ਤੋਂ ਬਾਅਦ ਵਧਾਏ ਸਮੇਂ ਵਿੱਚ;
- ਧਰਮ,ਜਾਤ-ਪਾਤ,ਜਨਮ ਸਥਾਨ ਦੇ ਅਧਾਰ ਤੇ।

7. ਸਕੂਲ ਯਕੀਨੀ ਬਣਾਵੇ:

(i) ਮੁਢਲੀ ਵਿਦਿਆ ਦੀ ਸੰਪੂਰਨਤਾ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਸਕੂਲ ਵਿੱਚ ਉਸ ਦਾ ਨਾਮ ਕਟਿਆ ਜਾਵੇਗਾ।

(ii) ਕਿਸੇ ਵੀ ਬੱਚੇ ਨੂੰ ਸ਼ਰੀਰਿਕ ਸਜ਼ਾ ਜਾਂ ਮਾਨਸਿਕ ਪਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

(iii) ਮੁਢਲੀ ਵਿਦਿਆ ਦੀ ਪੂਰਨਤਾ ਤੱਕ ਕਿਸੇ ਵੀ ਬੱਚੇ ਨੂੰ ਬੋਰਡ ਦੇ ਇਮਤਿਹਾਨ ਨੂੰ ਦੀ ਲੋੜ ਨਹੀਂ ਹੈ।ਪਰ ਜੇਕਰ ਪੰਜਾਬ ਸਰਕਾਰ ਇਸ ਵਿੱਚ ਕੋਈ ਸੋਧ ਕਰਦੀ ਹੈ ਤਾਂ ਸੰਸਥਾ ਇਸ ਨੂੰ ਮੰਨਣ ਦੀ ਪਾਬੰਦ ਰਹੇਗੀ ।

(iv) ਨਿਯਮ 23 ਵਿੱਚ ਦਰਸਾਏ ਅਨੁਸਾਰ ਹਰ ਬੱਚਾ ਜੋ ਮੁਢਲੀ ਵਿਦਿਆ ਪੂਰੀ ਕਰੇਗਾ ਉਸ ਨੂੰ ਇਸ ਦਾ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।

(v) ਐਕਟ ਦੀਆਂ ਧਾਰਾਵਾਂ ਅਨੁਸਾਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸ਼ਾਮਲ ਕਰਨਾ।

(vi) ਇਸ ਐਕਟ ਦੇ ਸੈਕਸ਼ਨ 23(1) ਅਧੀਨ ਦਰਸਾਏ ਘੱਟੋ-ਘੱਟ ਯੋਗਤਾ ਵਾਲੇ ਅਧਿਆਪਕ ਭਰਤੀ ਕਰਨਾ ਅਤੇ ਇਸ ਐਕਟ ਦੇ ਸ਼ੁਰੂ ਹੋਣ ਵੇਲੇ ਅਗਰ ਕੋਈ ਅਧਿਆਪਕ ਘੱਟੋ-ਘੱਟ ਯੋਗਤਾ ਨਹੀਂ ਰੱਖਦਾ ਤਾਂ ਉਸਨੂੰ ਪੰਜ ਸਾਲਾਂ ਵਿੱਚ ਇਹ ਹਾਸਲ ਕਰਨੀ ਹੋਵੇਗੀ।

(vii) ਅਧਿਆਪਕ ਵੱਲੋਂ ਇਸ ਐਕਟ ਦੇ ਸੈਕਸ਼ਨ 24(1)ਵਿੱਚ ਦਰਸਾਈਆਂ ਡਿਉਟੀਆਂ ਕਰਨਾ।

(viii) ਅਧਿਆਪਕ ਕਿਸੇ ਵੀ ਕਿਸਮ ਦੀਆਂ ਪ੍ਰਾਈਵੇਟ ਅਧਿਆਪਨ ਕਿਰਿਆਵਾਂ ਵਿੱਚ ਸ਼ਾਮਲ ਨਹੀਂ ਹੋਵੇਗਾ।

(8) ਢੁਕਵੀਂ ਅਥਾਰਟੀ ਵੱਲੋਂ ਬਣਾਏ ਪਾਠਕ੍ਰਮ ਦੇ ਅਧਾਰਿਤ ਸਕੂਲ ਵੱਲੋਂ ਸਿਲੇਬਸ ਕਰਵਾਇਆ ਜਾਵੇਗਾ।

(9) ਐਕਟ ਦੇ ਸੈਕਸ਼ਨ 19 ਵਿੱਚ ਦਰਸਾਏ ਅਨੁਸਾਰ ਸਕੂਲ ਵਿੱਚ ਮੋਜੂਦ ਸੁਵਿਧਾ ਦੀ ਵੰਡ ਵਿੱਚ ਬਰਾਬਰਤਾ ਅਨੁਸਾਰ ਹੀ ਸਕੂਲ ਵਿੱਚ ਬੱਚੇ ਦਾਖਲ ਕੀਤੇ ਜਾਣ।

(10) ਐਕਟ ਦੇ ਸੈਕਸ਼ਨ 19 ਵਿੱਚ ਦਰਸਾਏ,ਅਨੁਸਾਰ ਸਕੂਲ ਆਪਣਾ ਪੱਧਰ ਅਤੇ ਨਿਯਮ ਬਰਕਰਾਰ ਰੱਖੇਗਾ।

(11) ਸਕੂਲ ਦੇ ਅੰਦਰ ਗੈਰਮਾਨਤਾ ਪ੍ਰਾਪਤ ਜਮਾਤ ਨਹੀਂ ਚਲਣਗੀਆਂ ਅਤੇ ਨਾ ਹੀ ਸਕੂਲ ਦੇ ਨਾਮ ਤੇ ਸਕੂਲ ਤੋਂ ਬਾਹਰ।

(12) ਸਕੂਲ ਦੀ ਬਿਲਡਿੰਗ ਜਾਂ ਹੋਰ ਉਸਾਰੀ ਜਾਂ ਖੇਡ ਮੈਦਾਨ ਸਿੱਖਿਆ ਦੇ ਉਦੇਸ਼ ਲਈ ਹੀ ਵਰਤੇ ਜਾਣਗੇ।

(13) ਸੰਸਥਾਵਾਂ ਰਜਿਸਟਰੇਸ਼ਨ ਐਕਟ 1860(21 of 1860)ਅਧੀਨ ਜਾਂ ਲੋਕ ਹਿੱਤ ਬਣੇ ਉਸ ਸਮੇਂ ਦੇ ਕਾਨੂੰਨ ਅਧੀਨ ਰਜਿਸਟਰਡ ਸੰਸਥਾਵਾਂ ਵੱਲੋਂ ਸਕੂਲ ਚਲਾਇਆ ਜਾਂਦਾ ਹੋਵੇ।

(14) ਸਕੂਲ ਕਿਸੇ ਵੀ ਇੱਕ ਵਿਅਕਤੀ,ਗਰੁੱਪ ਜਾਂ ਐਸੋਸੀਏਸ਼ਨ ਜਾਂ ਕਿਸੇ ਹੋਰ ਵਿਅਕਤੀ ਦੇ ਮੁਨਾਫੇ ਲਈ ਨਹੀਂ ਚਲ ਰਿਹਾ।

(15) ਨਿਯਮਾਂ ਅਨੁਸਾਰ ਖਾਤਿਆਂ ਦੀ ਸਹੀ ਸਟੇਟਮੈਂਟ ਬਣਾਈ ਜਾਵੇ।ਸੀ.ਏ ਵੱਲੋਂ ਅਕਾਊਂਟ ਆਡਿਟ ਅਤੇ ਤਸਦੀਕ ਕੀਤਾ ਜਾਵੇ।ਹਰੇਕ ਅਕਾਊਂਟ ਦੇ ਸਟੇਟਮੈਂਟ ਦੀ ਕਾਪੀ ਜਿਲ੍ਹਾ ਸਿੱਖਿਆ ਅਫ਼ਸਰ (ਐ ਸਿ) ਨੂੰ ਹਰ ਸਾਲ ਭੇਜਿਆ ਜਾਵੇ।

(16) ਤੁਹਾਡੇ ਸਕੂਲ ਨੂੰ ਦਿੱਤਾ ਗਿਆ ਮਾਨਤਾ ਨੰ ਪਹਿਲਾਂ ਵਾਲਾ ਹੀ ਰਹੇਗਾ।ਇਸ ਨੰਬਰ ਨੂੰ ਸਾਡੇ ਦਫਤਰ ਨਾਲ ਅਗਲੇਰੀ ਗੱਲਬਾਤ ਲਈ ਵਰਤਿਆ ਜਾਵੇ।

(17) ਸਕੂਲ ਜ਼ਿਲਾ ਸਿੱਖਿਆ ਅਫਸਰ/ਡਾਇਰੈਕਟਰ ਆਫ ਐਜੂਕੇਸ਼ਨ ਵੱਲੋਂ ਸਮੇਂ ਸਮੇਂ ਲੋੜੀਂਦੀਆਂ ਰਿਪੋਰਟਾਂ ਅਤੇ ਜਾਣਕਾਰੀ ਦੇਵੇਗਾ ਅਤੇ ਸਕੂਲ ਦੇ ਕੰਮਾਂ ਵਿੱਚ ਘਾਟਾਂ ਨੂੰ ਕੱਢਣ ਜਾਂ ਰਾਜ ਸਰਕਾਰ/ਸਥਾਨਕ ਅਥਾਰਟੀ ਵਲੋਂ ਜ਼ਾਰੀ ਮਾਨਤਾ ਦੀ ਪੂਰਨਤਾ ਨੂੰ ਜ਼ਾਰੀ ਰੱਖਣ ਸਬੰਧੀ ਸ਼ਰਤਾਂ ਨੂੰ ਮੰਨੇਗਾ।

(18) ਸੰਸਥਾ ਦੇ ਰਜਿਸਟ੍ਰੇਸ਼ਨ ਨੂੰ ਨਵਿਆਉਣਾ,ਜੇ ਕੋਈ ਹੈ।

(19) ਜਿਲ੍ਹਾ ਸਿੱਖਿਆ ਅਫ਼ਸ਼ਰ (ਐ ਸਿ) ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਵਿਚਲੀ MIS ਸ਼ਾਖਾ ਤੋਂ ਆਪਣੇ ਸਕੂਲ ਦਾ ਡਾਟਾ ਕੰਪਿਊਟਰੀਕ੍ਰਿਤ ਕੰਪਲੀਟ ਹੋਣ ਸਬੰਧੀ ਸਰਟੀਫਿਕੇਟ ਲੈਣਾ ਲਾਜ਼ਮੀ ਹੈ ।

(20) ਅੱਗ ਤੋਂ ਸੁਰੱਖਿਆ ਅਤੇ ਇਮਾਰਤ ਸੁਰੱਖਿਆ ਸਬੰਧੀ ਸਰਟੀਫਿਕੇਟ ਸਬੰਧਤ ਵਿਭਾਗਾਂ ਤੋਂ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਮਿਆਦ ਖਤਮ ਹੋਣ ਤੇ ਤੁਰੰਤ ਨਵਿਆਇਆ ਜਾਵੇ ਅਤੇ ਇਸ ਸਰਟੀਫਿਕੇਟ ਦੀ ਕਾਪੀ ਜਿਲ੍ਹਾ ਸਿੱਖਿਆ ਅਫ਼ਸ਼ਰ (ਐ ਸਿ) ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਪਹੁੰਚਾਉਣੀ ਯਕੀਨੀ ਬਣਾਈ ਜਾਵੇ।

(21) ਅਨੈਕਸਚਰ 3 ਅਨੁਸਾਰ ਹੋਰ ਸ਼ਰਤਾਂ ਨਾਲ ਨੱਥੀ ਹਨ।

(34) ਸਕੂਲ ਸੰਸਥਾ ਦਾ ਸੰਚਾਲਕ ਸਹੀ ਕਰਤਾ ਦੇ ਦਫ਼ਤਰ ਨੂੰ ਹਰ ਸਾਲ ਨਿਯਮਾਂ ਅਨੁਸਾਰ ਫਾਇਰ ਸੇਫਟੀ ਅਤੇ ਬਿਲਡਿੰਗ ਸੇਫਟੀ ਦਾ ਸਰਟੀਫਿਕੇਟ ਮਹੁੱਈਆ ਕਰਾਉਣ ਦਾ ਪਾਬੰਦ ਰਹੇਗਾ ।

26/5/16

ਜਿਲ੍ਹਾ ਸਿੱਖਿਆ ਅਫ਼ਸਰ(ਐ ਸਿ),
ਸ਼ਹੀਦ ਭਗਤ ਸਿੰਘ ਨਗਰ ।